# NOTICE

All SSA/RMSA teachers who have given their choice online for regularization in the Department but have not received appointment letter yet, will get their appointment letters on 12th Nov., 2018 at 11:00 AM in the Auditorium of Punjab School Education Board, Mohali. Further, those who give their choice online by 12th Nov., 2018 will also get appointment letters on that day.

ਉਹਨਾਂ ਸਾਰੇ ਐਸ.ਐਸ.ਏ./ਰਮਸਾ ਅਧਿਆਪਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜਿਹੜੇ ਸਿੱਖਿਆ ਵਿਭਾਗ ਵਿਚ ਰੈਗੂਲਰ ਹੋਣ ਦੀ ਆਨਲਾਈਨ ਆਪਸ਼ਨ ਦੇ ਚੁੱਕੇ ਹਨ ਪਰ ਉਹਨਾਂ ਨੂੰ ਰੈਗੂਲਰ ਨਿਯੁਕਤੀ ਪੱਤਰ ਨਹੀਂ ਮਿਲੇ ਹਨ, ਉਹ ਅਧਿਆਪਕ ਆਪਣੇ ਰੈਗੂਲਰ ਨਿਯੁਕਤੀ ਪੱਤਰ 12 ਨਵੰਬਰ, 2018 ਨੂੰ ਸਵੇਰੇ 11 ਵਜੇ ਆਡੀਟੋਰੀਅਮ, ਪੰਜਾਬ ਸਕੂਲ ਸਿੱਖਿਆ ਬੋਰਡ ਮੁਹਾਲੀ ਵਿੱਖੇ ਪਹੁੰਚ ਕੇ ਪ੍ਰਾਪਤ ਕਰਨਗੇ। ਜਿਹੜੇ ਐਸ.ਐਸ.ਏ./ਰਮਸਾ ਅਧਿਆਪਕ 12 ਨਵੰਬਰ, 2018 ਤੱਕ ਸਿੱਖਿਆ ਵਿਭਾਗ ਵਿਚ ਰੈਗੂਲਰ ਹੋਣ ਦੀ ਆਪਸ਼ਨ ਦੇ ਦੇਣਗੇ ਉਹ ਅਧਿਆਪਕ ਵੀ ਆਪਣੇ ਰੈਗੂਲਰ ਨਿਯੁਕਤੀ ਪੱਤਰ 12 ਨਵੰਬਰ 2018 ਨੂੰ ਪ੍ਰਾਪਤ ਕਰਨਗੇ।

ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਜਿਨ੍ਹਾਂ ਅਧਿਆਪਕਾਂ ਨੂੰ ਐਸ.ਐਸ.ਏ./ਰਮਸਾ ਤੋਂ ਸਿੱਖਿਆ ਵਿਭਾਗ ਵਿਚ ਆਉਣ ਲਈ ਰੈਗੂਲਰ ਨਿਯੁਕਤੀ ਪੱਤਰ ਜਾਰੀ ਹੋਣ ਉਪਰੰਤ ਪ੍ਰਾਪਤ ਹੋ ਚੁੱਕੇ ਹਨ ਉਹਨਾਂ ਨੂੰ ਪਹੁੰਚਣ ਦੀ ਜਰੂਰਤ ਨਹੀਂ ਹੈ।

---

ਵਿਭਾਗ ਦੁਆਰਾ 12 ਨਵੰਬਰ ਨੂੰ ਦਿੱਤੇ ਜਾਣ ਵਾਲੇ appointment letters ਦੇ ਸਬੰਧ ਵਿਚ ਸੂਚਨਾ ਦੇ ਤੌਰ ਤੇ ਇੱਕ ਪ੍ਰਫਾਰਮਾ ਭਰਵਾਇਆ ਜਾ ਰਿਹਾ ਹੈ, ਜਿਸ ਵਿਚ ਟੈੱਟ ਪਾਸ ਹੋਣ ਦੀ ਸ਼ਰਤ ਵੀ ਲਿਖੀ ਗਈ ਸੀ। ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਟੈੱਟ ਪਾਸ ਹੋਣ ਦੀ ਕੋਈ ਵੀ ਸ਼ਰਤ ਨਹੀ ਹੈ। ਸਬੰਧਤ ਪ੍ਰਫਾਰਮੇ ਵਿਚ ਇਸ ਦੀ ਸੋਧ ਵੀ ਕਰ ਦਿੱਤੀ ਗਈ ਹੈ।
**ਇਹ ਨੋਟਿਸ ਸਪਸ਼ਟੀਕਰਨ ਦੇ ਤੌਰ ਤੇ ਅਤੇ ਅਫਵਾਹਾਂ ਤੋਂ ਬਚਣ ਲਈ ਜਾਰੀ ਕੀਤਾ ਜਾ ਰਿਹਾ ਹੈ।**

---

ਸਿੱਖਿਆ ਵਿਭਾਗ ਵਿਚ ਆਉਣ ਵਾਲੇ ਐਸ.ਐਸ.ਏ. / ਆਰ.ਐਮ.ਐਸ.ਏ. ਅਧਿਆਪਕਾਂ ਵਲੋਂ ਬੇਨਤੀਆਂ ਪ੍ਰਾਪਤ ਹੋ ਰਹੀਆਂ ਹਨ ਕਿ ਉਨ੍ਹਾਂ ਨੂੰ ਆਪਣੀ ਮਰਜੀ ਦੇ ਸਟੇਸ਼ਨ ਚੋਣ ਕਰਨ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ। ਇਨ੍ਹਾਂ ਅਧਿਆਪਕਾਂ ਵਲੋਂ ਮੰਗੇ ਜਾ ਰਹੇ ਕੁੱਝ ਸਟੇਸ਼ਨਾਂ ਉੱਤੇ ਐਸ.ਐਸ.ਏ./ਆਰ.ਐਮ.ਐਸ.ਏ. ਦੇ ਅਧਿਆਪਕ ਕੰਮ ਕਰ ਰਹੇ ਹਨ।

ਇਸ ਸਾਰੇ ਮੁੱਦੇ ਨੂੰ ਵਿਚਾਰਨ ਉਪਰੰਤ ਇਹ ਫੈਸਲਾ ਕੀਤਾ ਗਿਆ ਹੈ ਕਿ ਸਿੱਖਿਆ ਵਿਭਾਗ ਵਿਚ ਰੈਗੂਲਰ ਹੋਣ ਵਾਲੇ ਅਧਿਆਪਕ ਐਸ.ਐਸ.ਏ./ਆਰ.ਐਮ.ਐਸ.ਏ. ਦੇ ਅਧਿਆਪਕਾਂ (ਜਿਨ੍ਹਾਂ ਨੇ ਅਜੇ ਆਨ ਲਾਈਨ ਆਪਸ਼ਨ ਨਹੀਂ ਦਿੱਤੀ ਹੈ ਅਤੇ ਜਿਨ੍ਹਾਂ ਵਲੋਂ ਸੋਸਾਇਟੀ ਵਿਚ ਰਹਿਣ ਦਾ ਫੈਸਲਾ ਕੀਤਾ ਗਿਆ ਹੈ) ਦੇ ਸਟੇਸ਼ਨ ਲੈ ਸਕਦੇ ਹਨ ਅਤੇ ਇਹ ਸਟੇਸ਼ਨ 12 ਨਵੰਬਰ ਨੂੰ ਹੀ ਦਿੱਤੇ ਜਾਣਗੇ। ਐਸ.ਐਸ.ਏ./ਆਰ.ਐਮ.ਐਸ.ਏ. ਅਧਿਆਪਕਾਂ ਨੂੰ ਲੋੜ ਅਨੁਸਾਰ ਹੋਰ ਸਕੂਲਾਂ ਵਿਚ ਭੇਜਿਆ ਜਾਵੇਗਾ।

**12 ਨਵੰਬਰ ਨੂੰ ਨਿਯੁਕਤੀ ਪੱਤਰ ਪ੍ਰਾਪਤ ਕਰਨ ਆ ਰਹੇ ਅਧਿਆਪਕਾਂ ਨੂੰ On-duty ਮੰਨਿਆ ਜਾਵੇਗਾ।**